# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

## ਦਫ਼ਤਰ, ਡਾਇਰੈਕਟਰ, ਯੋਜਨਾ ਅਤੇ ਨਿਰੀਖਣ

ਨੰਬਰ: 2732-33/ਯੋ.ਨਿ.

ਮਿਤੀ: 28/08/25

**ਵਿਸ਼ਾ: ਕਾਲਜਾਂ ਵਿਖੇ NEP-2020 ਅਧੀਨ ਚਲਾਏ ਜਾ ਰਹੇ UG (3+1 Honours) ਕੋਰਸਾਂ ਦੇ ਸੰਬੰਧ ਵਿਚ ਪਹਿਲਾਂ ਜਾਰੀ ਕੀਤੇ ਪੱਤਰ ਨੰਬਰ 2682, ਮਿਤੀ 14-08-2025 ਦੀ ਲਗਾਤਾਰਤਾ ਵਿਚ।**

I. ਕਾਲਜਾਂ ਨੂੰ ਪੇਸ਼ ਆ ਰਹੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਏ Minor, Inter-Disciplinary Course/Multi-disciplinary Course (IDC/MDC) ਅਤੇ Skill Enhancement Course (SEC) ਦੇ ਵਿਸ਼ਿਆਂ ਸੰਬੰਧ ਵਿਚ ਸਪਸ਼ਟ ਕੀਤਾ ਗਿਆ ਕਿ Minor ਦਾ ਵਿਸ਼ਾ ਕੇਵਲ Major ਦੇ ਵਿਸ਼ਿਆਂ ਤੋਂ ਵੱਖਰਾ ਹੋਵੇਗਾ, IDC/MDC ਦਾ ਵਿਸ਼ਾ Major ਅਤੇ Minor ਦੇ ਵਿਸ਼ਿਆਂ ਤੋਂ ਵੱਖਰਾ ਹੋਵੇਗਾ, ਜਦੋਂਕਿ SEC ਦਾ ਵਿਸ਼ਾ ਕੇਵਲ Major ਦੇ ਵਿਸ਼ੇ ਨਾਲ ਸਬੰਧਿਤ ਹੀ ਹੋਵੇਗਾ।

II. ਮੌਜੂਦਾ ਅਕਾਦਮਿਕ ਸੈਸ਼ਨ 2025-26 ਲਈ ਸਮੂਹ ਕਾਲਜਾਂ ਵਿਖੇ IDC/MDC, SEC ਅਤੇ VAC ਦੇ ਵਿਸ਼ੇ ਪੱਤਰ ਨੰ: 2087/ਜ.ਸ., ਮਿਤੀ 25/07/2025 ਰਾਹੀਂ ਜਾਰੀ Common POOL of Courses for IDC/MDC, SEC ਅਤੇ VAC ਅਤੇ ਪੱਤਰ ਨੰ: 2682/ਯੋ.ਨਿ., ਮਿਤੀ 14.08.2025 ਰਾਹੀਂ ਜਾਰੀ Addendum ਵਿਚੋਂ ਹੀ ਚੋਣ ਕਰਵਾਏ ਜਾਣਗੇ। ਭਵਿੱਖ ਵਿਚ ਇਸ POOL of Courses ਵਿੱਚ ਕੋਈ ਵੀ ਸੋਧ ਕੇਵਲ ਸੰਬੰਧਿਤ ਬੋਰਡ ਆਫ਼ ਸਟਡੀਜ਼ ਦੁਆਰਾ ਸਿਫਾਰਸ਼ਾਂ ਕਰਨ ਉਪਰੰਤ ਹੀ ਕੀਤੀ ਜਾਵੇਗੀ।

III. NEP-2020 ਅਧੀਨ Multiple Entry – Multiple Exit ਦੇ ਨਿਯਮਾਂ ਦੇ ਸੰਬੰਧ ਵਿਚ ਫੈਸਲਾ ਕੀਤਾ ਗਿਆ ਕਿ ਜੇਕਰ ਕੋਈ ਵਿਦਿਆਰਥੀ ਇਹਨਾਂ ਨਿਯਮਾਂ ਅਧੀਨ ਪਹਿਲੇ, ਦੂਜੇ ਜਾਂ ਤੀਜੇ ਸਾਲ ਤੋਂ ਬਾਅਦ ਪ੍ਰੋਗਰਾਮ ਤੋਂ Exit ਲੈਣਾ ਚਹੁੰਦਾ ਹੈ, ਤਾਂ ਵਿਦਿਆਰਥੀ ਨੂੰ ਕ੍ਰਮਵਾਰ ਦੂਜੇ, ਚੌਥੇ ਜਾਂ ਛੇਵੇਂ ਸਮੈਸਟਰ ਦੀ ਆਖਰੀ ਪ੍ਰੀਖਿਆ ਤੋਂ ਪਹਿਲਾਂ ਆਪਣੇ ਕਾਲਜ/ਵਿਭਾਗ ਨੂੰ ਇਸ ਸੰਬੰਧੀ ਸੂਚਨਾ ਲਿਖਿਤ ਰੂਪ ਵਿਚ ਦੇਣੀ ਲਾਜ਼ਮੀ ਹੋਵੇਗੀ। ਸਪਸ਼ਟ ਹੈ ਕਿ ਪਹਿਲੇ, ਦੂਜੇ ਜਾਂ ਤੀਜੇ ਸਾਲ Exit ਲੈਣ ਤੋਂ ਬਾਅਦ ਵਿਦਿਆਰਥੀ ਨੂੰ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ UG-PG ਦੇ ਅਧਿਆਦੇਸ਼ਾਂ ਅਨੁਸਾਰ 4 ਕ੍ਰੈਡਿਟ ਦੀ Compulsory Summer Internship/ Apprenticeship/ Community Service / Field Based Learning/ Minor Project ਪੂਰੀ ਕਰਨ ਉਪਰੰਤ ਹੀ ਪ੍ਰਦਾਨ ਕੀਤਾ ਜਾਵੇਗਾ।

IV. ਟਾਈਮ ਟੇਬਲ ਸੰਬੰਧੀ UGC ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨੰਬਰ ਆਫ਼ ਲੈਕਚਰਸ/ਪ੍ਰੈਕਟੀਕਲ ਪ੍ਰਤੀ ਕ੍ਰੈਡਿਟ ਨੂੰ ਹੇਠ ਲਿਖੇ ਅਨੁਸਾਰ ਧਿਆਨ ਵਿੱਚ ਰੱਖਿਆ ਜਾਵੇ:

| Total Credits | Theory* | Practical* |
|---|---|---|
| 1 | 1 Hour per week | 2 Hours per week |
| 2 | 2 Hours per week | 4 Hours per week |
| 3 | 3 Hours per week | |
| 4 | 4 Hours per week | |

*As per UGC norms one credit is equivalent to 15 hours of theoretical instruction or 30 hours of practical work.

V. ਇੰਟਰਨਲ ਅਸੈਸਮੈਂਟ ਵਿਚ ਹਾਜ਼ਰੀ ਦੇ ਅੰਕ ਨਿਮਨ ਤਾਲਿਕਾ – 1 (Table – 1) ਅਨੁਸਾਰ ਦਿੱਤੇ ਜਾਣ:

ਤਾਲਿਕਾ – 1: ਹਾਜ਼ਰੀ ਲਈ ਅੰਕਾਂ ਦੀ ਵੰਡ

| ਕੁਲ ਅੰਕ → / ਹਾਜ਼ਰੀ ↓ | 6 | 5 | 4 | 3 |
|---|---|---|---|---|
| 85% ਤੋਂ ਵੱਧ | 6 | 5 | 4 | 3 |
| 80% ਤੋਂ ਵੱਧ ਪ੍ਰੰਤੂ 85% ਤੋਂ ਘੱਟ | 5 | 4 | 3 | 2 |
| 75% ਤੋਂ ਵੱਧ ਪ੍ਰੰਤੂ 80% ਤੋਂ ਘੱਟ | 4 | 3 | 2 | 1 |
| 75% ਤੋਂ ਘੱਟ | 0 | 0 | 0 | 0 |

ਉਕਤ ਆਪ ਜੀ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

28/08/2025

ਡਾਇਰੈਕਟਰ, ਯੋਜਨਾ ਅਤੇ ਨਿਰੀਖਣ

ਸਮੂਹ ਕਾਲਜਾਂ ਨੂੰ Circulate ਕਰਨ ਹਿਤ ਜੀ

28/08/2025

1. ਡੀਨ, ਕਾਲਜ ਵਿਕਾਸ ਕੌਂਸਲ
2. ਡਾਇਰੈਕਟਰ, ਕੰਸਟੀਚੂਐਂਟ ਕਾਲਜਾਂ